# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 22-09-2025**

## ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਅਗਲੀ ਪੀੜ੍ਹੀ ਦੇ GST ਸੁਧਾਰ ਅੱਜ ਤੋਂ ਲਾਗੂ ਹੋ ਗਏ ਨੇ. ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਔਰਤਾਂ, ਇਹਨਾਂ ਸੁਧਾਰਾਂ ਦੇ ਸਭ ਤੋਂ ਵੱਡੇ ਲਾਭਪਾਤਰੀਆਂ ਵਿੱਚੋਂ ਇੱਕ ਹੋਣਗੀਆਂ।
- ਸਮਾਜ ਦੇ ਵਖ – ਵਖ ਵਰਗਾਂ ਨੇ GST ਸੁਧਾਰਾਂ ਦਾ ਸੁਆਗਤ ਕਰਦਿਆਂ ਇਹਨਾਂ ਨੂੰ ਵੱਡੀ ਰਾਹਤ ਕਰਾਰ ਦਿੱਤਾ ਏ .
- ਅੱਜ ਤੋਂ ਨਰਾਤਿਆਂ ਦਾ ਤਿਉਹਾਰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਸ਼ੁਰੂ ਹੋ ਗਿਆ ਏ.ਪੰਜਾਬ ਭਰ ਵਿਚ ਨਰਾਤਿਆਂ ਦੀ ਰੌਣਕ ਏ.
- 1965 ਦੀ ਜੰਗ ‘ਚ ਭਾਰਤ ਦੀ ਜਿੱਤ ਦੀ ਯਾਦ ਵਿੱਚ ਅੱਜ ਅੰਮ੍ਰਿਤਸਰ ਦੀ ਡੋਗਰਾਈ ਜੰਗੀ ਯਾਦਗਾਰ ਵਿਖੇ ਇੱਕ ਡਾਇਮੰਡ ਜੁਬਲੀ ਸਮਾਰੋਹ ਮਨਾਇਆ ਗਿਆ।

## ਹੁਣ ਖਬਰਾਂ ਵਿਸਥਾਰ ਨਾਲ

ਅਗਲੀ ਪੀੜ੍ਹੀ ਦੇ GST ਸੁਧਾਰ ਅੱਜ ਤੋਂ ਲਾਗੂ ਹੋ ਗਏ ਨੇ. ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਔਰਤਾਂ ਇਸ ਸੁਧਾਰ ਦੇ ਸਭ ਤੋਂ ਵੱਡੇ ਲਾਭਪਾਤਰੀਆਂ ਵਿੱਚੋਂ ਇੱਕ ਹੋਣਗੀਆਂ। ਅੱਜ ਅਰੁਣਾਚਲ ਪ੍ਰਦੇਸ਼ ਵਿੱਚ 5, ਹਜ਼ਾਰ 100 ਕਰੋੜ ਰੁਪਏ ਤੋਂ ਵੱਧ ਦੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨ ਤੋਂ ਬਾਅਦ ਆਪਣੇ ਸੰਬੋਧਨ 'ਚ ਓਹਨਾਂ ਕਿਹਾ ਕਿ ਇਹਨਾਂ ਸੁਧਾਰਾਂ ਨਾਲ ਮਹੀਨੇ ਦੇ ਘਰੇਲੂ ਖਰਚੇ ਘੱਟ ਹੋਣਗੇ ਅਤੇ ਬੱਚਤ ਵਿੱਚ ਵਾਧਾ ਹੋਵੇਗਾ, ਕਿਉਂਕਿ ਅੱਜ ਤੋਂ, GST ਸਿਰਫ਼ ਦੋ ਸਲੈਬਾਂ ਤੱਕ ਸੀਮਤ ਰਹੇਗਾ, ਯਾਨੀ ਕਿ 5 ਫੀਸਦੀ ਅਤੇ_18 ਫੀਸਦੀ, ਜਿਸ ਵਿੱਚ ਕਈ ਹੋਰ ਚੀਜ਼ਾਂ ਨੂੰ ਟੈਕਸ ਮੁਕਤ ਕਰ ਦਿੱਤਾ ਗਿਆ ਏ। ਸ਼੍ਰੀ ਮੋਦੀ ਨੇ ਜੀਐਸਟੀ ਬਚਤ ਉਤਸਵ ਨੂੰ ਦੇਸ਼ ਭਰ ਦੇ ਘਰਾਂ ਲਈ ਇੱਕ ਯਾਦਗਾਰੀ ਮੀਲ ਪੱਥਰ ਦੱਸਿਆ-

byte

ਜੀਐਸਟੀ ਸੁਧਾਰਾਂ ਤਹਿਤ, ਸਰਕਾਰ ਨੇ ਵੱਖ-ਵੱਖ ਖੇਤਰਾਂ ਵਿੱਚ ਟੈਕਸਾਂ ਵਿੱਚ ਵੱਡੀਆਂ ਕਟੌਤੀਆਂ ਕਰਕੇ ਆਮ ਆਦਮੀ ਨੂੰ ਰਾਹਤ ਦਿੱਤੀ ਏ. ਜਲੰਧਰ ਤੋਂ ਇੱਕ ਮਹਿਲਾ ਨੇ ਕਿਹਾ –

byte

ਵਪਾਰੀਆਂ 'ਚ ਵੀ GST ਸੁਧਾਰਾਂ ਨੂੰ ਲੈ ਕੇ ਉਤਸ਼ਾਹ ਏ-

byte

ਇਸ ਦੌਰਾਨ, ਜੀਐਸਟੀ ਸਲੈਬ ਘਟਾਉਣ ਤੋਂ ਬਾਅਦ ਭਾਜਪਾ ਨੇਤਾ ਤਰੁਣ ਚੁੱਘ ਵਪਾਰੀਆਂ ਦਰਮਿਆਨ ਪਹੁੰਚੇ. ਵਪਾਰੀਆਂ ਨੇ GST ਸਲੈਬ ਘਟਾਉਣ ਲਈ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਚੁਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਦੀਵਾਲੀ ਤੋਂ ਪਹਿਲਾਂ ਵਪਾਰੀਆਂ ਨੂੰ ਇੱਕ ਮਹੱਤਵਪੂਰਨ ਤੋਹਫ਼ਾ ਦਿੱਤਾ ਏ –

byte

---------------------------------------------------------------------

ਖਪਤਕਾਰ ਮਾਮਲਿਆਂ ਬਾਰੇ ਵਿਭਾਗ ਨੇ ਅਗਲੀ ਪੀੜ੍ਹੀ ਦੇ GST ਸੁਧਾਰਾਂ ਦੇ ਹਿੱਸੇ ਵਜੋਂ, ਰਾਸ਼ਟਰੀ ਖਪਤਕਾਰ ਹੈਲਪਲਾਈਨ 'ਤੇ ਜੀਐਸਟੀ ਸ਼ਿਕਾਇਤਾਂ ਦੇ ਨਿਪਟਾਰੇ ਬਾਰੇ ਸਿਲਸਿਲਾ ਸ਼ੁਰੂ ਕੀਤਾ ਏ। ਖਪਤਕਾਰ ਮਾਮਲਿਆਂ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਕਿਹਾ ਕਿ ਅੱਜ ਤੋਂ ਸੋਧੀਆਂ ਹੋਈਆਂ ਜੀਐਸਟੀ ਦਰਾਂ ਅਤੇ ਛੋਟਾਂ ਦੇ ਲਾਗੂ ਹੋਣ ਤੋਂ ਬਾਅਦ, ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾ ਹੱਲ, ਸ਼ਿਕਾਇਤਾਂ ਦੇ ਨਿਪਟਾਰੇ ਬਾਰੇ ਸੰਗਠਿਤ ਪ੍ਰਬੰਧ - INGRAM ਪੋਰਟਲ 'ਤੇ ਸ਼ੁਰੂ ਕੀਤਾ ਗਿਆ ਏ। ਇਸ ਸ਼੍ਰੇਣੀ ਵਿੱਚ ਆਟੋਮੋਬਾਈਲ, ਬੈਂਕਿੰਗ, ਖਪਤਕਾਰ ਵਸਤਾਂ, ਈ-ਕਾਮਰਸ ਅਤੇ ਹੋਰ ਪ੍ਰਮੁੱਖ ਉਪ-ਸ਼੍ਰੇਣੀਆਂ ਸ਼ਾਮਲ ਨੇ, ਜਿਨ੍ਹਾਂ

ਵਿੱਚ ਜੀਐਸਟੀ ਨਾਲ ਸਬੰਧਤ ਸ਼ਿਕਾਇਤਾਂ ਦਰਜ ਕੀਤੀਆਂ ਜਾ ਸਕਦੀਆਂ ਨੇ। ਮੰਤਰਾਲੇ ਨੇ ਕਿਹਾ ਏ ਕਿ ਖਪਤਕਾਰ ਹੁਣ, ਟੋਲ-ਫ੍ਰੀ ਨੰਬਰ 1915, ਨੰਬਰ ਇੱਕ ਵਾਰ ਫਿਰ ਸੁਨ ਲਉ, TOLL FREE ਨੰਬਰ 1915 ਜਾਂ  INGRAM ਪੋਰਟਲ ਰਾਹੀਂ, 17 ਭਾਸ਼ਾਵਾਂ ਵਿੱਚ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਨੇ।

---------------------------------------------------------------

ਨੌਂ ਦਿਨਾਂ ਤੱਕ ਚੱਲਣ ਵਾਲਾ ਨਰਾਤਿਆਂ ਦਾ ਤਿਉਹਾਰ ਅੱਜ ਤੋਂ ਸ਼ੁਰੂ ਹੋ ਗਿਆ ਏ. ਨਰਾਤੇ, ਭਾਵ 'ਨੌਂ ਰਾਤਾਂ', ਦੇਵੀ ਦੁਰਗਾ ਅਤੇ ਓਹਨਾਂ ਦੇ ਨੌਂ ਅਵਤਾਰਾਂ ਜਿਨ੍ਹਾਂ ਨੂੰ ਨਵਦੁਰਗਾ ਕਿਹਾ ਜਾਂਦਾ ਏ ਦੀ ਪੂਜਾ ਨੂੰ ਸਮਰਪਿਤ ਨੇ । ਇਹ ਤਿਉਹਾਰ ਦੁਸਹਿਰੇ ਦੇ ਨਾਲ ਸਮਾਪਤ ਹੋਵੇਗਾ. ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲੋਕਾਂ ਨੂੰ ਨਰਾਤਿਆਂ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਨੇ. ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਉਮੀਦ ਪ੍ਰਗਟਾਈ ਕਿ ਹਿੰਮਤ, ਸੰਜਮ ਅਤੇ ਦ੍ਰਿੜਤਾ ਦੀ ਸ਼ਰਧਾ ਨਾਲ ਭਰਿਆ ਇਹ ਪਵਿੱਤਰ ਤਿਉਹਾਰ, ਸਾਰਿਆਂ ਦੇ ਜੀਵਨ ਵਿੱਚ ਨਵੀਂ ਤਾਕਤ ਅਤੇ ਨਵਾਂ ਵਿਸ਼ਵਾਸ ਲਿਆਵੇਗਾ। ਸ਼੍ਰੀ ਮੋਦੀ ਨੇ

ਕਾਮਨਾ ਕੀਤੀ ਕਿ ਦੇਵੀ ਮਾਂ ਦੇ ਪਿਆਰ ਅਤੇ ਆਸ਼ੀਰਵਾਦ ਨਾਲ, ਸਾਰਿਆਂ ਦਾ ਜੀਵਨ, ਚੰਗੀ ਕਿਸਮਤ ਅਤੇ ਸਿਹਤ ਨਾਲ ਭਰਿਆ ਰਹੇ।

-----------------------------------------------------

ਦੇਸ਼ ਦੇ ਹੋਰ ਹਿੱਸਿਆਂ ਵਾਂਗ, ਪੰਜਾਬ ਵਿੱਚ ਵੀ ਨਰਾਤਿਆਂ ਦਾ ਤਿਉਹਾਰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ। ਮੰਦਰਾਂ ਨੂੰ ਰੰਗ-ਬਿਰੰਗੇ ਫੁੱਲਾਂ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਏ। ਇਸ ਮੌਕੇ 'ਤੇ ਧਾਰਮਿਕ ਪ੍ਰੋਗਰਾਮ ਲਗਾਤਾਰ ਚੱਲ ਰਹੇ ਨੇ ਅਤੇ ਦੇਵੀ ਦੁਰਗਾ ਦੀ ਪੂਜਾ ਕੀਤੀ ਜਾ ਰਹੀ ਏ। ਇੱਕ ਰਿਪੋਰਟ:

v/ c

ਨਰਾਤਿਆਂ ਦੀ ਸ਼ੁਰੂਆਤ 'ਤੇ, ਪੰਜਾਬ ਦੇ ਵੱਖ-ਵੱਖ ਮੰਦਰਾਂ ਵਿੱਚ ਸਵੇਰ ਤੋਂ ਹੀ ਸ਼ਰਧਾਲੂਆਂ ਦੀ ਭੀੜ ਲੱਗੀ ਹੋਈ ਏ। ਅੰਮ੍ਰਿਤਸਰ ਦੇ ਸ਼੍ਰੀ ਦੁਰਗਿਆਣਾ ਮੰਦਰ, ਪਟਿਆਲਾ ਦੇ ਮਾਤਾ ਕਾਲੀਦੇਵੀ ਮੰਦਰ ਅਤੇ ਜਲੰਧਰ ਦੇ ਸ਼੍ਰੀ ਦੇਵੀ ਤਾਲਾਬ ਮੰਦਰ ਸਮੇਤ ਰਾਜ ਦੇ ਹੋਰ ਸਾਰੇ ਛੋਟੇ-ਵੱਡੇ ਮੰਦਰਾਂ ਵਿੱਚ, ਸ਼ਰਧਾਲੂ ਦੇਵੀ ਦੁਰਗਾ ਦੇ ਵੱਖ-ਵੱਖ ਰੂਪਾਂ ਅੱਗੇ ਪੂਰੀ ਸ਼ਰਧਾ ਨਾਲ ਮੱਥਾ ਟੇਕ ਰਹੇ ਨੇ. ਅੱਜ ਨਰਾਤਿਆਂ ਦੇ ਪਹਿਲੇ ਦਿਨ, ਦੇਵੀ ਦੁਰਗਾ ਦੇ ਸ਼ੈਲਪੁੱਤਰੀ ਰੂਪ ਦੀ ਪੂਜਾ ਕੀਤੀ ਜਾ ਰਹੀ ਏ। ਸਵੇਰ ਤੋਂ ਹੀ ਮੰਦਰਾਂ ਵਿੱਚ ਹਵਨ ਯੱਗ ਅਤੇ ਧਾਰਮਿਕ ਪ੍ਰੋਗਰਾਮ ਕਰਾਏ ਜਾ ਰਹੇ ਨੇ.

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਨਰਾਤਿਆਂ ਦੀ ਸ਼ੁਰੂਆਤ ਮੌਕੇ ਮਨਸਾ ਦੇਵੀ ਮੰਦਿਰ ਵਿਖੇ ਮਥਾ ਟੇਕਿਆ. ਇਸ ਮੌਕੇ ‘ਤੇ

ਸੂਬਾ ਵਾਸੀਆਂ ਦੇ ਸੁਖ, ਸ਼ਾਂਤੀ ਤੇ ਤਰੱਕੀ ਭਰੇ ਜੀਵਨ ਦੀ ਕਾਮਨਾ ਕੀਤੀ ਏ. ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਨਰਾਤਿਆਂ ਦੀ ਸ਼ੁਰੂਆਤ ਮੌਕੇ ਸਾਰਿਆਂ ਨੂੰ ਵਧਾਈ ਦਿੱਤੀ ਏ.ਇੱਕ ਸੋਸ਼ਲ ਮੀਡੀਆ ਪੋਸਟ 'ਚ ਓਹਨਾਂ ਕਾਮਨਾ ਕੀਤੀ ਕਿ ਮਾਤਾ ਰਾਣੀ ਦੀ ਕਿਰਪਾ ਸਾਰਿਆਂ 'ਤੇ ਬਣੀ ਰਹੇ.ਸੂਬੇ ਦੇ ਹੋਰ ਮੰਤਰੀਆਂ ਨੇ ਵੀ ਨਰਾਤਿਆਂ ਦੀ ਸ਼ੁਰੂਆਤ ਮੌਕੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ.

------------------------------------------------------------

1965 ਦੀ ਭਾਰਤ-ਪਾਕਿਸਤਾਨ ਜੰਗ 'ਚ ਭਾਰਤ ਦੀ ਜਿੱਤ ਦੀ ਯਾਦ ਵਿੱਚ ਅੱਜ ਅੰਮ੍ਰਿਤਸਰ ਦੇ ਡੋਗਰਾਈ ਜੰਗੀ ਯਾਦਗਾਰ ਵਿਖੇ ਇੱਕ ਡਾਇਮੰਡ ਜੁਬਲੀ ਸਮਾਰੋਹ ਮਨਾਇਆ ਗਿਆ। ਇਸ ਮੌਕੇ 'ਤੇ ਸੀਨੀਅਰ ਫੌਜੀ ਅਧਿਕਾਰੀਆਂ, ਹੋਰ ਅਫਸਰਾਂ ਅਤੇ ਸੈਨਿਕਾਂ ਨੇ ਡੋਗਰਾਈ ਦੀ ਇਤਿਹਾਸਕ ਲੜਾਈ ਵਿੱਚ ਸ਼ਹੀਦ ਹੋਏ ਬਹਾਦਰ ਫੌਜੀਆਂ ਨੂੰ ਰਲ ਕੇ ਸ਼ਰਧਾਂਜਲੀ ਦਿੱਤੀ. ਡੋਗਰਾਈ ਦੀ ਇਹ ਫੈਸਲਾਕੁੰਨ ਲੜਾਈ 1965 ਦੀ ਜੰਗ ਵਿੱਚ ਇੱਕ ਮੋੜ ਸੀ, ਜਿਸ ਵਿੱਚ ਤੀਜੀ ਜਾਟ ਬਟਾਲੀਅਨ ਨੇ ਅਦੁੱਤੀ ਹਿੰਮਤ ਅਤੇ ਬਹਾਦਰੀ ਦਾ ਵਿਖਾਲਾ ਕੀਤਾ। ਇਸ ਬਟਾਲੀਅਨ ਦੇ ਬਹਾਦਰ ਫੌਜੀਆਂ ਨੇ ਪਾਕਿਸਤਾਨੀ ਫੌਜ ਨੂੰ ਕਰਾਰੀ ਹਾਰ ਦੇ ਕੇ ਭਾਰਤੀ ਝੰਡੇ ਦੀ ਸ਼ਾਨ ਨੂੰ ਵਧਾਇਆ।

ਇਸ ਮੌਕੇ 'ਤੇ, ਜੰਗ ਵਿੱਚ ਹਿੱਸਾ ਲੈਣ ਵਾਲੇ ਫੌਜੀਆਂ ਨੇ ਆਪਣੇ ਅਨੁਭਵ ਸਾਂਝੇ ਕੀਤੇ –

byte

------------------------------------------------------------

ਕਲ੍ਹ 23 ਸਤੰਬਰ ਨੂੰ 10 ਵਾਂ ਆਯੁਰਵੇਦ ਦਿਵਸ 2025 ਮਨਾਇਆ ਜਾ ਰਿਹਾ ਏ. ਇਸ ਦੌਰਾਨ ਸੂਬੇ ਭਰ ਵਿੱਚ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਨੇ. ਆਯੁਰਵੇਦ ਡਾਇਰੈਕਟੋਰੇਟ ਪੰਜਾਬ, ਪੰਜਾਬ ਆਯੁਰਵੇਦਿਕ ਅਤੇ ਯੂਨਾਨੀ ਬੋਰਡ ਅਤੇ ਮੈਡੀਕਲ ਸਿੱਖਿਆ ਮਹਿਕਮੇ ਵੱਲੋਂ , ਚੰਡੀਗੜ੍ਹ ਅਤੇ ਮੋਹਾਲੀ ਵਿੱਚ ਇਸ ਦਿਨ ਨੂੰ ਮਨਾਇਆ ਜਾਵੇਗਾ, ਜਦੋਂ ਕਿ ਹੁਸ਼ਿਆਰਪੁਰ ਵਿੱਚ ਗੁਰੂ ਰਵਿਦਾਸ ਯੂਨੀਵਰਸਿਟੀ ਆਯੁਰਵੇਦ ਵੱਲੋਂ ਉਰਮਿਲਾ ਦੇਵੀ ਆਯੁਰਵੈਦਿਕ ਕਾਲਜ ਵਿੱਚ ਆਯੁਰਵੇਦ ਦਿਵਸ ਮਨਾਇਆ ਜਾਵੇਗਾ। ਗੁਰੂ ਰਵਿਦਾਸ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਸੰਜੀਵ ਸੂਦ ਨੇ ਆਕਾਸ਼ਵਾਣੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਯੂਨੀਵਰਸਿਟੀ ਦੇ ਸਾਰੇ 22 ਮਾਨਤਾ ਪ੍ਰਾਪਤ ਕਾਲਜਾਂ ਵਿੱਚ ਇੱਕ ਹਫ਼ਤਾ ਭਰ ਮਨਾਇਆ ਜਾ ਰਿਹਾ ਏ । ਤਿਉਹਾਰਾਂ ਵਿੱਚ ਵਰਕਸ਼ਾਪਾਂ, ਜਾਗਰੂਕਤਾ ਪ੍ਰੋਗਰਾਮ ਅਤੇ ਤੰਦਰੁਸਤੀ ਸੈਸ਼ਨ ਸ਼ਾਮਲ ਨੇ ਜੋ ਆਯੁਰਵੇਦ, ਯੋਗ ਅਤੇ ਸਿਹਤਮੰਦ ਜੀਵਨ 'ਤੇ ਕੇਂਦ੍ਰਿਤ ਨੇ.

---------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਾਨ ਸੂਫ਼ੀ ਸੰਤ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੇ ਪਾਵਨ ਮੌਕੇ ’ਤੇ ਦੇਸ਼ ਅਤੇ ਵਿਦੇਸ਼ ਵਿਚ ਵੱਸਦੇ ਸਮੂਹ ਭਾਈਚਾਰੇ ਨੂੰ ਵਧਾਈ ਦਿੱਤੀ ਏ। ਓਹਨਾਂ ਕਿਹਾ ਕਿ ਬਾਬਾ ਸ਼ੇਖ ਫਰੀਦ ਜੀ ਦੀ ਬਾਣੀ ਮਨੁੱਖਤਾ ਲਈ ਰਾਹ-ਦਰਸਾਉਣ ਵਾਲੀ ਜੋਤ ਏ। ਫਰੀਦਕੋਟ ਦੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਵੀ ਇਸ ਮੌਕੇ ਵਧਾਈ ਦਿੱਤੀ ਏ।

---------------------------------------------------

- ਅਗਲੀ ਪੀੜ੍ਹੀ ਦੇ GST ਸੁਧਾਰ ਅੱਜ ਤੋਂ ਲਾਗੂ ਹੋ ਗਏ ਨੇ. ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਔਰਤਾਂ, ਇਹਨਾਂ ਸੁਧਾਰਾਂ ਦੇ ਸਭ ਤੋਂ ਵੱਡੇ ਲਾਭਪਾਤਰੀਆਂ ਵਿੱਚੋਂ ਇੱਕ ਹੋਣਗੀਆਂ।
- ਸਮਾਜ ਦੇ ਵਖ – ਵਖ ਵਰਗਾਂ ਨੇ GST ਸੁਧਾਰਾਂ ਦਾ ਸੁਆਗਤ ਕਰਦਿਆਂ ਇਹਨਾਂ ਨੂੰ ਵੱਡੀ ਰਾਹਤ ਕਰਾਰ ਦਿੱਤਾ ਏ .
- ਅੱਜ ਤੋਂ ਨਰਾਤਿਆਂ ਦਾ ਤਿਉਹਾਰ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਸ਼ੁਰੂ ਹੋ ਗਿਆ ਏ.ਪੰਜਾਬ ਭਰ ਵਿਚ ਨਰਾਤਿਆਂ ਦੀ ਰੌਣਕ ਏ.

- 1965 ਦੀ ਜੰਗ ‘ਚ ਭਾਰਤ ਦੀ ਜਿੱਤ ਦੀ ਯਾਦ ਵਿੱਚ ਅੱਜ ਅੰਮ੍ਰਿਤਸਰ ਦੀ ਡੋਗਰਾਈ ਜੰਗੀ ਯਾਦਗਾਰ ਵਿਖੇ ਇੱਕ ਡਾਇਮੰਡ ਜੁਬਲੀ ਸਮਾਰੋਹ ਮਨਾਇਆ ਗਿਆ।

---------------------------------------------------------------

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ!**